# ਐਂਫ਼ੀਟਾਮਾਈਨਾਂ

## ਬਾਰੇ ਸੱਚੀਆਂ ਗੱਲਾਂ

## The facts about Amphetamines

FRANK
0800 77 66 00
ਇਸ ਨੰਬਰ 'ਤੇ ਕੁਝ ਲੋਕ ਤੁਹਾਡੀ ਭਾਸ਼ਾ
ਵਿਚ ਤੁਹਾਡੇ ਨਾਲ ਗੱਲਬਾਤ ਕਰ ਸਕਦੇ ਹਨ।
www.talktofrank.com

DrugScope
020 7928 1211
www.drugscope.org.uk

For additional copies, please
contact Prolog on 0870 2414680

Produced by the FRANK campaign in association
with DrugScope and funded by the Home Office.

BMECOMSP4

Punjabi

# ਐਂਫ਼ੀਟਾਮਾਈਨ ਲੋਕਾਂ 'ਤੇ ਕੀ ਅਸਰ ਕਰਦੇ ਹਨ?

ਇਹ ਲੋਕਾਂ ਨੂੰ ਵੱਧ ਸ਼ਕਤੀ ਅਤੇ ਹੌਸਲਾ ਦਿੰਦੇ ਹਨ।
ਇਹ ਲੋਕਾਂ ਦੀ ਭੁੱਖ ਮਾਰਦੇ ਹਨ, ਕਈ ਲੋਕ ਐਂਫ਼ੀਟਾਮਾਈਨਾਂ ਦੀ ਵਰਤੋਂ ਭਾਰ ਘਟਾਉਣ ਲਈ ਕਰਦੇ ਹਨ।

**ਐਂਫ਼ੀਟਾਮਾਈਨਾਂ ਦੀ ਵਰਤੋਂ ਕਾਰਨ:**

- ਲੋਕਾਂ ਨੂੰ ਬਿਨਾਂ ਕਿਸੇ ਕਾਰਨ ਚਿੰਤਾ ਲਗ ਸਕਦੀ ਹੈ;
- ਲੋਕ ਸਮਝਣ ਲਗ ਜਾਂਦੇ ਹਨ ਕਿ ਸਾਰੇ ਜਣੇ ਉਹਨਾਂ ਦੇ ਵਿਰੋਧੀ ਹਨ;
- ਲੋਕ ਸੌਂ ਨਹੀਂ ਸਕਦੇ;
- ਲੋਕ ਇਹ ਨਸ਼ਾ ਕੀਤੇ ਬਿਨਾਂ ਦਿਨ ਨਹੀਂ ਬਿਤਾ ਸਕਦੇ।

**ਐਂਫ਼ੀਟਾਮਾਈਨਾਂ ਦੀ ਵਰਤੋਂ ਕਾਰਨ ਇਹ ਬੀਮਾਰੀਆਂ ਵੀ ਲਗ ਸਕਦੀਆਂ ਹਨ:**

- ਦਿਲ ਦਾ ਦੌਰਾ;
- ਦਿਲ ਦੇ ਹੋਰ ਰੋਗ;
- ਖ਼ੂਨ ਵਿਚ ਜ਼ਹਿਰ ਫੈਲਣਾ, ਐਚ ਆਈ ਵੀ/ਏਡਜ਼ ਅਤੇ ਹੈਪੇਟਾਈਟਿਸ, ਜੇ ਇਹ ਟੀਕੇ ਰਾਹੀਂ ਲਏ ਜਾਣ।

**ਐਂਫ਼ੀਟਾਮਾਈਨ ਦੇਖਣ ਨੂੰ ਕਿਹੋ ਜਿਹੇ ਲਗਦੇ ਹਨ?**
ਇਹ ਚਿੱਟੇ, ਹਲਕੇ ਸਲੇਟੀ, ਗੁਲਾਬੀ ਜਾਂ ਪੀਲੇ ਰੰਗ ਦੇ ਪਾਊਡਰ ਹੁੰਦੇ ਹਨ।

**ਲੋਕ ਐਂਫ਼ੀਟਾਮਾਈਨ ਕਿਸ ਢੰਗ ਨਾਲ ਲੈਂਦੇ ਹਨ?**
ਇਹ ਨਸਵਾਰ ਵਾਂਗ ਸੁੰਘੇ ਜਾ ਸਕਦੇ ਹਨ; ਸਿਗਰਟ ਪੇਪਰਾਂ ਵਿਚ ਪਾ ਕੇ ਮੂੰਹ ਰਾਹੀਂ ਅੰਦਰ ਲੰਘਾਏ ਜਾ ਸਕਦੇ ਹਨ; ਸੂਈ ਅਤੇ ਸਰਿੰਜ ਨਾਲ ਇਹਨਾਂ ਦਾ ਟੀਕਾ ਲਾਇਆ ਜਾ ਸਕਦਾ ਹੈ; ਇਹਨਾਂ ਦਾ ਟੀਕਾ ਲਾਉਣ ਨਾਲ ਇਹਨਾਂ ਦੀ 'ਓਵਰਡੋਜ਼' ਹੋ ਸਕਦੀ ਹੈ (ਲੋੜ ਤੋਂ ਵੱਧ ਲਏ ਜਾ ਸਕਦੇ ਹਨ)।

**ਐਂਫ਼ੀਟਾਮਾਈਨਾਂ ਦੇ ਹੋਰ ਨਾਂ**
ਇਹਨਾਂ ਨੂੰ ਸਪੀਡ, ਵ੍ਹਿਜ਼, ਬਿੱਲੀ ਅਤੇ ਸਲਫ਼ ਵੀ ਆਖਿਆ ਜਾਂਦਾ ਹੈ।

**ਐਂਫ਼ੀਟਾਮਾਈਨਾਂ 'ਤੇ ਕਿੰਨਾ ਖ਼ਰਚ ਆਉਂਦਾ ਹੈ?**
ਇਕ ਛੋਟੇ ਬੈਗ 'ਤੇ £5 ਖ਼ਰਚ ਹੁੰਦੇ ਹਨ।

**ਕੀ ਇਹ ਕਾਨੂੰਨੀ ਹਨ?**
ਨਹੀਂ। ਆਪਣੇ ਕੋਲ (ਜਿਵੇਂ ਕਿ ਜੇਬ ਵਿਚ) ਜਾਂ ਘਰ ਵਿਚ ਐਂਫ਼ੀਟਾਮਾਈਨ ਰੱਖਣਾ ਗ਼ੈਰ-ਕਾਨੂੰਨੀ ਹੈ। ਕਿਸੇ ਨੂੰ ਵੀ ਐਂਫ਼ੀਟਾਮਾਈਨ ਦੇਣਾ ਜਾਂ ਵੇਚਣਾ ਵੀ ਜੁਰਮ ਹੈ, ਦੋਸਤਾਂ ਨੂੰ ਵੀ।

What do amphetamines do to people?
They give people more energy and confidence. They stop people from feeling hungry. Some people use amphetamines to help them lose weight.

Amphetamines can make a person:

- worried for no reason;
- think everyone is against them;
- unable to sleep;
- unable to get through the day without the drug.

Amphetamines can also cause:

- heart attacks;
- other heart problems;
- blood poisoning, HIV/AIDS and hepatitis if they are injected.

What do amphetamines look like?
They are a white, light grey, pink or yellow powder.

How do people take amphetamines?
They can be sniffed up the nose; swallowed wrapped up in cigarette papers; injected with a needle and syringe. If a person injects amphetamines, they are more likely to 'overdose' (take too much).

Other names for amphetamines
They are also called speed, whiz, billy and sulph.

How much do amphetamines cost?
They cost £5 for a small bag.

Are they legal?
No. It is against the law to have amphetamines on you (for example in your pockets) or in your house. It is also illegal to sell or give amphetamines to anyone, even friends.